بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.12.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਮਨਮੋਹਕ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਦਸੰਬਰ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਹਜ਼ਰਤ ਸਅਦ ਬਿਨ ਅਬਾਦਹ ਦਾ ਜ਼ਿਕਰ ਹੋ ਰਿਹਾ ਸੀ, ਉਹਨਾ ਬਾਰੇ ਕੁਝ ਹੋਰ ਵਰਨਣ ਕਰਾਂਗਾ । ਹਜ਼ਰਤ ਸਅਦ ਬਿਨ ਅਬਾਦਹ ਬੈਅਤ ਉਕਬਾ ਸਾਨੀਆ ਦੇ ਮੌਕੇ ਬਣਾਏ ਜਾਣ ਵਾਲੇ ਬਾਰ੍ਹਾ ਨਕੀਬਾਂ (ਨਿਗਰਾਨਾ) ਵਿੱਚੋਂ ਇਕ ਸਨ । ਆਪ ਕਬੀਲਾ ਖ਼ਜ਼ਰਜ ਦੇ ਇਕ ਪਰਿਵਾਰ ਬਨੂ ਸਾਅਦਾ ਵਿੱਚੋਂ ਸਨ ਅਤੇ ਕਬੀਲਾ ਖ਼ਜ਼ਰਜ ਦੇ ਰਈਸ ਸਨ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਮੇਂ ਵਿਸ਼ੇਸ਼ ਤੇ ਉੱਘੇ ਅੰਸਾਰਾਂ ਵਿੱਚ ਗਿਣੇ ਜਾਂਦੇ ਸਨ ਇੱਥੋਂ ਤੱਕ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਦੇਹਾਂਤ'ਤੇ ਕਈ ਅੰਸਾਰਾਂ ਨੇ ਇਹਨਾ ਦਾ ਨਾਂ ਖ਼ਿਲਾਫ਼ਤ ਲਈ ਪੇਸ਼ ਕੀਤਾ ਸੀ । ਆਪਦਾ ਦੇਹਾਂਤ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਹੋਇਆ ।

ਹਜ਼ਰਤ ਸਅਦ ਬਿਨ ਅਬਾਦਹ, ਮੁੰਜ਼ਰ ਬਿਨ ਉਮਰੋ ਅਤੇ ਅਬੂ ਦਜਾਨਹ ਨੇ ਜੱਦ ਇਸਲਾਮ ਕੁਬੂਲ ਕੀਤਾ ਤਾਂ ਇਹਨਾ ਸਾਰਿਆਂ ਨੇ ਆਪਣੇ ਕਬੀਲੇ ਬਨੂ ਸਾਅਦਹ ਦੇ ਬੁੱਤ ਤੋੜ ਦਿੱਤੇ । ਮਦੀਨੇ ਹਿਜਰਤ ਸਮੇਂ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਬਨੂ ਸਾਅਦਹ ਦੇ ਘਰਾਂ ਦੇ ਨੇੜਿਓਂ ਲੰਘੇ ਤਾਂ ਹਜ਼ਰਤ ਸਅਦ ਬਿਨ ਅਬਾਦਹ, ਹਜ਼ਰਤ ਮੰਜ਼ਰ ਬਿਨ ਉਮਰੋ ਅਤੇ ਹਜ਼ਰਤ ਦਜਾਨਹ ਨੇ ਬਿਨਤੀ ਕੀਤੀ ਕਿ ਹੇ ਰਸੂਲੁਲੱਾਹ ਆਪ ਸਾਡੇ ਕੋਲ ਆਉਣ ਸਾਡੇ ਕੋਲ ਮਾਨ ਸਨਮਾਨ ਹੈ, ਧਨ ਦੌਲਤ ਹੈ ਤੇ ਸ਼ਕਤੀ ਤੇ ਬਲ ਹੈ । ਹਜ਼ਰਤ ਸਅਦ ਬਿਨ ਅਬਾਦਹ ਨੇ ਵੀ ਅਰਜ਼ ਕੀਤੀ ਕਿ ਹੇ ਰਸੂਲੁਲੱਾਹ, ਮੇਰੀ ਕੌਮ ਵਿੱਚ ਕੋਈ ਅਜਿਹਾ ਵਿਅਕਤੀ ਨਹੀਂ ਜਿਸਦੇ

ਖਜੂਰਾਂ ਦੇ ਬਾਗ ਮੈਥੋਂ ਵੱਧ ਹੋਣ ਅਤੇ ਉਸਦੇ ਖੂਹ ਮੈਥੋਂ ਵੱਧ ਹੋਣ । ਇਸਦੇ ਨਾਲ ਨਾਲ ਧਨ ਦੌਲਤ ਤੇ ਬਲ ਵੀ ਬਹੁਤ ਹੋਵੇ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਅਬੂ ਸਾਬਤ ਇਸ ਉਠਨੀ (ਡਾਚੀ) ਦਾ ਮਾਰਗ ਛੱਡ ਦਿਓ ਇਹ ਮਾਮੂਰ ਹੈ ਇਹ ਆਪਣੀ ਮਰਜ਼ੀ ਨਾਲ ਜਾਏਗੀ ।

ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸਅਦ ਅਤੇ ਤਲੀਬ ਬਿਨ ਉਮੈਰ ਵਿਚਕਾਰ ਭਾਈਬੰਦੀ ਕਰਾਈ ਜੋ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਆਏ ਸਨ । ਕਿਹਾ ਜਾਂਦਾ ਹੈ ਕਿ ਕਬੀਲਾ ਓਸ ਅਤੇ ਖ਼ਜ਼ਰਜ ਵਿੱਚ ਕੋਈ ਅਜਿਹਾ ਘਰ ਨਹੀਂ ਸੀ ਜਿਸ ਵਿੱਚ ਚਾਰ ਵਿਅਕਤੀ ਇਕ ਵਧੱਕੇ ਇਕ ਉਦਾਰ ਹੋਣ ਸਿਵਾਏ ਦਲੇਮ ਦੇ ਫਿਰ ਉਸਦੇ ਪੁਤੱਰ ਇਬਾਦਹ ਦੇ ਫਿਰ ਉਸਦੇ ਪੁਤੱਰ ਸਅਦ ਦੇ ਫਿਰ ਉਸਦੇ ਪੁਤੱਰ ਕੈਸ ਦੇ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮਦੀਨੇ ਆਏ ਤਾਂ ਸਅਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਪ੍ਰਤੀਦਿਨ ਇਕ ਵਡੱਾ ਪਿਆਲਾ ਭੇਜਦੇ ਜਿਸ ਵਿੱਚ ਮਾਸ ਤੇ ਸਰੀਦ ਅਰਥਾਤ ਰੋਟੀ ਦੇ ਟੁਕੜੇ ਮਾਸ ਵਿੱਚ ਪੱਕੇ ਹੋਏ ਹੁੰਦੇ । ਬਹੁਤ ਵਾਰੀ ਮਾਸ ਦਾ ਪਿਆਲਾ ਹੀ ਹੁੰਦਾ ਸੀ । ਸਅਦ ਦਾ ਪਿਆਲਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਆਪ ਦੀਆਂ ਪਤਨੀਆਂ ਦੇ ਘਰਾਂ ਵਿੱਚ ਚਕੱਰ ਲਾਇਆ ਕਰਦਾ ਸੀ । ਹਜ਼ਰਤ ਜ਼ੈਦ ਕਹਿੰਦੇ ਹਨ ਕਿ ਅਸੀਂ ਬਨੂ ਮਾਲਕ ਬਿਨ ਨਜਾਰ ਦੇ ਘਰਾਂ ਵਿੱਚ ਰਹਿੰਦੇ ਸੀ ਸਾਡੇ ਵਿੱਚੋਂ ਤਿੰਨ ਜਾਂ ਚਾਰ ਵਿਅਕਤੀ ਹਰ ਰਾਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਵਾਰੀ ਵਾਰੀ ਖਾਣਾ ਲੈਕੇ ਹਾਜ਼ਰ ਹੁੰਦੇ, ਇੱਥੋਂ ਤੱਕ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸੱਤ ਮਹੀਨੇ ਹਜ਼ਰਤ ਅਯੂੱਬ ਅੰਸਾਰੀ ਦੇ ਘਰ ਪੜਾਅ ਕੀਤਾ । ਇਹਨਾ ਦਿਨਾਂ ਵਿੱਚ ਹਜ਼ਰਤ ਸਅਦ ਬਿਨ ਅਬਾਦਹ ਅਤੇ ਹਜ਼ਰਤ ਅਸਦ ਬਿਨ ਜ਼ਰਾਰਹ ਦਾ ਪਿਆਲਾ ਪ੍ਰਤੀਦਿਨ ਆਪ ਦੀ ਸੇਵਾ ਵਿੱਚ ਆਉਂਦਾ ਸੀ ਅਤੇ ਇਸ ਵਿੱਚ ਕਦੇ ਵੀ ਨਾਗ਼ਾ ਨਹੀਂ ਹੁੰਦਾ ਸੀ । ਹਜ਼ਰਤ ਜ਼ੈਦ ਕਹਿੰਦੇ ਹਨ ਕਿ ਹਜ਼ਰਤ ਅਯੂਬ ਨੇ ਮੈਨੂੰ ਦੱਸਿਆ, ਇਹ ਕਹਿੰਦੇ ਹਨ ਕਿ ਇਕ ਰਾਤ ਹਜ਼ਰਤ ਸਅਦ ਬਿਨ ਅਬਾਦਹ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਇਕ ਪਿਆਲਾ ਭਿਜਵਾਇਆ ਜਿਸ ਵਿੱਚ ਤਫ਼ੇਸ਼ਲ ਸੀ ਇਹ ਇਕ ਪ੍ਰਕਾਰ ਦਾ ਸ਼ੋਰਬਾ ਹੈ । ਆਪ ਨੇ ਉਹ ਰਜੱਕੇ ਪੀਤਾ ਅਤੇ ਮੈਂ ਇਸ ਤੋਂ ਬਿਨਾ ਆਪਨੂੰ ਕਦੇ ਵੀ ਇਸ ਪ੍ਰਕਾਰ ਰਜੱਕੇ ਪੀਂਦਿਆਂ ਨਹੀਂ ਦੇਖਿਆ । ਫਿਰ ਅਸੀਂ ਵੀ ਇਹ ਆਂਹਜ਼ਰਤ ਸਲਲਾਹੁ ਅਲਹਿ ਵਸਲਮ ਲਈ ਬਣਾਇਆ ਕਰਦੇ ਸਨ ।

ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਇਕ ਵਾਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਸਅਦ ਬਿਨ ਅਬਾਦਹ ਦੇ ਘਰ ਆਏ ਅਤੇ ਅਸੱਲਾਮੁ ਅਲੈਕੁਮ ਵ ਰਹਮਾਤੁਲੱਾਹ ਕਿਹਾ । ਹਜ਼ਰਤ ਸਅਦ ਨੇ ਹੌਲੀ ਜਿਹੀ ਕਿਹਾ ਵ ਅਲੈਕੁਮ ਸਲਾਮ ਵ ਰਹਮਾਤੁਲੱਾਹ ਜੋ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸੁਣਾਈ ਨਹੀਂ ਦਿਤੱਾ, ਇੱਥੋਂ ਤੱਕ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਤਿੰਨ ਵਾਰ ਸਲਾਮ ਕੀਤਾ ਅਤੇ ਸਅਦ ਨੇ ਤਿੰਨੇ ਵਾਰ ਇਸੇ ਪ੍ਰਕਾਰ ਉਤੱਰ ਦਿਤੱਾ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸੁਣਾਈ ਨਹੀਂ ਦਿਤੱਾ । ਸੋ, ਨਬੀ ਕਰੀਮ ਸਲਲਾਹੁ ਅਲੈਹਿ ਵਸਲਮ ਵਾਪਸ ਪਰਤ ਆਏ । ਹਜ਼ਰਤ ਸਅਦ ਆਪ ਦੇ ਪਿੱਛੇ ਗਏ ਅਤੇ ਕਹਿਣ ਲੱਗੇ, ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ, ਮੇਰੇ ਮਾਂ ਬਾਪ ਆਪ'ਤੇ ਕੁਰਬਾਨ, ਆਪਨੇ ਜਿੰਨ੍ਹੀ ਵਾਰੀ ਵੀ ਸਲਾਮ ਕਿਹਾ ਮੈਂ ਆਪਣੇ ਕੰਨ੍ਹਾ ਨਾਲ ਸੁਣਿਆ ਅਤੇ ਇਸਦਾ ਉਤੱਰ ਦਿਤੱਾ ਪਰ ਆਪਨੂੰ ਨਹੀਂ ਸੁਣਾਇਆ । ਮੈਂ ਚਾਹੁੰਦਾ ਸੀ ਕਿ ਆਪ ਦੀ ਸਲਾਮਤੀ ਤੇ ਬਰਕਤ ਦੀ ਦੁਆ ਬਹੁਤ ਵਾਰੀ ਹਾਸਲ ਕਰਾਂ । ਫਿਰ

ਉਹ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਆਪਣੇ ਘਰ ਲੈ ਗਏ ਅਤੇ ਕਿਸ਼ਮਿਸ਼ (ਸੌਂਗੀ) ਪੇਸ਼ ਕੀਤੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਸਨੂੰ ਖਾਣ ਦੇ ਬਾਦ ਦੁਆ ਦਿੰਦਿਆਂ ਹੋਇਆਂ ਫ਼ਰਮਾਇਆ ਤੁਹਾਡਾ ਖਾਣਾ ਨੇਕ ਲੋਕ ਖਾਂਦੇ ਰਹਿਣ ਅਤੇ ਤੁਹਾਡੇ ਉਪੱਰ ਫ਼ਰਿਸ਼ਤੇ ਰਹਮਤ ਦੀਆਂ ਦੁਆਵਾਂ ਕਰਦੇ ਰਹਿਣ ਅਤੇ ਰੋਜ਼ੇਦਾਰ ਤੁਹਾਡੇ ਕੋਲ ਇਫ਼ਤਾਰੀ ਕਰਦੇ ਰਹਿਣ ।

ਅਲਾਮਹ ਇਬਨੇ ਸੀਰੀਨ ਬਿਆਨ ਕਰਦੇ ਹਨ ਕਿ ਅਹਿਲੇ ਸੁਫ਼ੱਾ ਜੱਦ ਸ਼ਾਮ ਕਰਦੇ ਤਾਂ ਖਾਣਾ ਖੁਆਉਣ ਲਈ ਕੋਈ ਵਿਅਕਤੀ ਆਪਣੇ ਨਾਲ ਇਕ ਜਾਂ ਦੋ ਨੂੰ ਲੈ ਜਾਂਦਾ, ਹਾਂ ਹਜ਼ਰਤ ਸਅਦ ਬਿਨ ਅਬਾਦਹ ਅੱਸੀ ਅਹਿਲੇ ਸੁਫ਼ਾ ਨੂੰ ਖਾਣਾ ਖੁਆਉਣ ਲਈ ਆਪਣੇ ਨਾਲ ਲੈ ਜਾਂਦੇ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਮਦੀਨੇ ਆਉਣ ਦੇ ਇਕ ਸਾਲ ਬਾਦ ਸਫ਼ਰ ਮਹੀਨੇ ਵਿੱਚ ਅਬਵਾ ਦੀ ਜੰਗ ਲਈ ਨਿਕਲੇ । ਅਬਵਾ ਮਦੀਨੇ ਤੋਂ ਮੱਕੇ ਦੇ ਮਾਰਗ ਉਪੱਰ ਜਹਫ਼ਾ ਤੋਂ 23 ਮੀਲ ਦੂਰ ਪੈਂਦਾ ਹੈ। ਇੱਥੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਮਾਂ ਹਜ਼ਰਤ ਆਮਨਾ ਦੀ ਕਬਰ ਹੈ । ਇਸ ਮੌਕੇ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮਦੀਨੇ ਵਿੱਚ ਹਜ਼ਰਤ ਸਅਦ ਬਿਨ ਅਬਾਦਹ ਨੰ ਆਪਣਾ ਉਤੱਰਾਧਿਕਾਰੀ ਜਾਂ ਅਮੀਰ ਨਿਯੁਕਤ ਕੀਤਾ । ਅਬਵਾ ਦੀ ਜੰਗ ਦਾ ਦੂਜਾ ਨਾਂ ਵਦਾਨ ਦੀ ਜੰਗ ਵੀ ਬਿਆਨ ਕੀਤਾ ਜਾਂਦਾ ਹੈ ।

ਸੀਰਤ ਖ਼ਾਤਨੱਬੀਯੀਨ ਵਿੱਚ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਵਦਾਨ ਦੀ ਜੰਗ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਹੈ ਲਿਖੱਦੇ ਹਨ ਕਿ ਹਜ਼ਰਤ ਸਅਦ ਬਿਨ ਅਬਾਦਹ ਉਹਦ ਤੇ ਖ਼ੰਦਕ ਦੀਆਂ ਜੰਗਾਂ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ। ਇਕ ਰਿਵਾਇਤ ਇਹ ਵੀ ਹੈ ਕਿ ਅੰਸਾਰ ਦਾ ਝੰਡਾ ਬਦਰ ਦੀ ਜੰਗ ਦੇ ਦਿਨ ਹਜ਼ਰਤ ਸਅਦ ਬਿਨ ਅਬਾਦਹ ਕੋਲ ਸੀ ।

ਬਦਰ ਦੀ ਜੰਗ ਲਈ ਚਲੱਣ ਸਮੇਂ ਹਜ਼ਰਤ ਸਅਦ ਬਿਨ ਅਬਾਦਹ ਨੇ 'ਗ਼ਜ਼ਬ' ਨਾਂ ਦੀ ਤਲਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਉਪਹਾਰ ਵੱਜੋਂ ਪੇਸ਼ ਕੀਤੀ ਸੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਸੱਤ ਜ਼ਰਹਾਂ ਸਨ, ਉਹਨਾਂ ਵਿੱਚੋਂ ਇਕ ਦਾ ਨਾਂ 'ਜ਼ਾਤੁਲ ਫ਼ੁਜ਼ੂਲ' ਸੀ ਜੋ ਹਜ਼ਰਤ ਸਅਦ ਬਿਨ ਅਬਾਦਹ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਭਿਜਵਾਈ ਸੀ । ਇਹ ਉਹੋ ਜ਼ਿਰਾਹ ਸੀ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਅਬੂ ਸ਼ਾਮ ਯਹੂਦੀ ਕੋਲ ਤੀਹ ਸਾਅ ਜੌ ਦੇ ਬਦਲੇ ਇਕ ਸਾਲ ਲਈ ਗਹਿਣੇ ਰੱਖਵਾਈ ਸੀ । ਹਜ਼ਰਤ ਇਬਨੇ ਅਬੱਾਸ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਝੰਡਾ ਹਜ਼ਰਤ ਅਲੀ ਕੋਲ ਹੁੰਦਾ ਅਤੇ ਅੰਸਾਰ ਦਾ ਝੰਡਾ ਹਜ਼ਰਤ ਸਅਦ ਬਿਨ ਅਬਾਦਹ ਕੋਲ ਹੁੰਦਾ ਅਤੇ ਜੱਦ ਜੰਗ ਜ਼ੋਰਾਂ'ਤੇ ਹੁੰਦੀ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਅੰਸਾਰ ਦੇ ਝੰਡੇ ਹੇਠ ਹੁੰਦੇ ਸਨ ।

ਹਜ਼ਰਤ ਉਸਾਮਾ ਬਿਨ ਜ਼ੈਦ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਇਕ ਗਧੇ ਉਪੱਰ ਸਵਾਰ ਹੋਕੇ ਹਜ਼ਰਤ ਸਅਦ ਬਿਨ ਅਬਾਦਹ ਦਾ ਹਾਲ ਪੁਛੱਣ ਲਈ ਗਏ । ਆਪ ਇਕ ਅਜਿਹੀ ਸਭਾ ਦੇ ਨੇੜਿਓਂ ਲੰਘੇ ਜਿਸ ਵਿੱਚ ਅਬਦੁਲੱਾਹ ਬਿਨ ਅਬੀ ਬਿਨ ਸਲੂਲ ਸੀ ਜੋ ਹੁਣ ਤੱਕ ਮੁਸਲਮਾਨ ਨਹੀਂ ਹੋਇਆ ਸੀ। ਆਪਦੀ ਸਵਾਰੀ ਕਰਕੇ ਧੂੜ ਮਿੱਟੀ ਉਡੀ ਤਾਂ ਅਬਦੁਲੱਾਹ ਬਿਨ ਅਬੀ ਬਿਨ ਸਲੂਲ ਨੇ ਆਪਣੀ ਚਦੱਰ ਨਾਲ

ਆਪਣੀ ਨੱਕ ਢਕੱਦਿਆਂ ਹੋਇਆਂ ਕਿਹਾ ਕਿ ਸਾਡੇ ਉਪੱਰ ਧੂੜ ਨ ਉਡਾਓ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਨੂੰ ਅਸੱਲਾਮੁ ਅਲੈਕੁਮ ਕਿਹਾ ਅਤੇ ਗਧੇ ਤੋਂ ਹੇਠਾਂ ਉਤਰੇ । ਆਪ ਨੇ ਉਹਨਾ ਨੂੰ ਰੱਬ ਵੱਲ ਬੁਲਾਇਆ ਅਤੇ ਕੁਰਆਨ ਪੜ੍ਹਕੇ ਸੁਣਾਇਆ । ਅਬਦੁਲੱਾਹ ਬਿਨ ਅਬੀ ਬਿਨ ਸਲੂਲ ਨੇ ਕਿਹਾ ਕਿ ਸਾਡੀ ਸਭਾ ਵਿੱਚ ਆਣਕੇ ਸਾਨੂੰ ਕਸ਼ਟ ਨ ਦਿਆ ਕਰੋ । ਆਪਣੇ ਟਿਕਾਣੇ'ਤੇ ਹੀ ਵਾਪਸ ਜਾਓ, ਫਿਰ ਜੋ ਤੁਹਾਡੇ ਕੋਲ ਆਏ ਉਸੇ ਨੂੰ ਦੱਸੋ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਵੀ ਉੱਥੇ ਬੈਠੇ ਹੋਏ ਸਨ । ਉਹਨਾ ਨੇ ਇਹ ਸੁਣਕੇ ਕਿਹਾ ਕਿ ਨਹੀਂ, ਹੇ ਰਸੂਲੁਲੱਾਹ ਸਾਡੀ ਇਹਨਾ ਸਭਾਵਾਂ ਵਿੱਚ ਹੀ ਆਣਕੇ ਸਾਨੂੰ ਆਪ ਪੜ੍ਹਕੇ ਸੁਣਾਇਆ ਕਰਨ। ਇਸ'ਤੇ ਮੁਸਲਮਾਨ, ਮੁਸ਼ਰਿਕ ਤੇ ਯਹੂਦੀ ਇਕ ਦੂਜੇ ਨੂੰ ਬੁਰਾ ਭਲਾ ਕਹਿਣ ਲੱਗੇ । ਨੇੜੇ ਸੀ ਕਿ ਇਕ ਦੂਜੇ ਉਪੱਰ ਹਮਲਾ ਕਰਦੇ ਪਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਦਾ ਜੋਸ਼ ਠੰਡਾ ਕੀਤਾ । ਫਿਰ ਆਪ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਅਬਾਦਹ ਕੋਲ ਆਏ ਅਤੇ ਉਹਨਾ ਨੂੰ ਸਾਰੀ ਗੱਲ ਸੁਣਾਈ । ਹਜ਼ਰਤ ਸਅਦ ਬਿਨ ਆਬਦਹ ਨੇ ਕਿਹਾ, ਹੇ ਰਸੂਲੁਲੱਾਹ ਆਪ ਇਸ ਨੂੰ ਮੁਆਫ਼ ਕਰ ਦੇਣ ਅਤੇ ਇਸ ਨੂੰ ਦਰਗ਼ੁਜ਼ਰ ਕਰ ਦੇਣ । ਇਸ ਬਸਤੀ ਵਾਲਿਆਂ ਨੇ ਤਾਂ ਇਹ ਫ਼ੈਸਲਾ ਕੀਤਾ ਸੀ ਕਿ ਅਬਦੁਲੱਾਹ ਬਿਨ ਅਬੀ ਬਿਨ ਸਲੂਲ ਨੂੰ ਆਪਣਾ ਸਰਦਾਰ ਬਨਾਉਣ ਪਰ ਜੱਦ ਰੱਬ ਨੇ ਇਹ ਮਨਜ਼ੂਰ ਨ ਕੀਤਾ ਤਾਂ ਉਸ ਕੀਂਨਿ ਦੀ ਅੱਗ ਵਿੱਚ ਸੜ ਗਿਆ । ਇਸ ਲਈ ਉਸਨੇ ਉਹ ਕੁਝ ਕੀਤਾ ਜੋ ਆਪਨੇ ਦੇਖਿਆ । ਇਹ ਸੁਣਕੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਉਸ ਨੂੰ ਦਰਗ਼ੁਜ਼ਰ ਕੀਤਾ ਅਤੇ ਆਪ ਤੇ ਆਪਦੇ ਸਹਾਬਾ ਮੁਸ਼ਰਿਕਾਂ ਅਤੇ ਅਹਿਲੇ ਕਿਤਾਬ ਵਾਲਿਆਂ ਨੂੰ ਦਰਗ਼ੁਜ਼ਰ ਕੀਤਾ ਕਰਦੇ ਸਨ ਅਤੇ ਇਹਨਾ ਦੇ ਦੁੱਖ ਪਹੁੰਚਾਉਣ'ਤੇ ਸਬਰ ਕਰਦੇ ਸਨ ।

ਬਦਰ ਦੀ ਜੰਗ ਸਮੇਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਸਹਾਬਾ ਨਾਲ ਮਸ਼ਵਰਾ ਕੀਤਾ ਤਾਂ ਹਜ਼ਰਤ ਸਅਦ ਬਿਨ ਅਬਾਦਹ ਨੇ ਕਿਹਾ ਹੇ ਰਸੂਲੁਲੱਾਹ ਆਪ ਸਾਡੇ ਕੋਲੋਂ ਮਸ਼ਵਰਾ ਮੰਗਦੇ ਹਨ, ਉਸ ਜ਼ਾਤ ਦੀ ਸਹੁੰ ਜਿਸਦੇ ਹੱਥ ਵਿੱਚ ਮੇਰੀ ਜਾਨ ਹੈ ਜੇਕਰ ਆਪ ਸਾਨੂੰ ਸਮੰਦਰ ਵਿੱਚ ਘੋੜੇ ਪਾਉਣ ਦਾ ਹੁਕਮ ਦੇਣ ਤਾਂ ਅਸੀਂ ਉਹਨਾ ਨੂੰ ਪਾ ਦਿਆਂਗੇ । ਰਿਵਾਇਤ ਕਰਨ ਵਾਲੇ ਕਹਿੰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਲੋਕਾਂ ਨੂੰ ਬੁਲਾਇਆ ਅਤੇ ਉਹ ਚਲ ਪਏ ਇੱਥੋਂ ਤੱਕ ਕਿ ਬਦਰ ਵਿੱਚ ਆਣ ਉਤਰੇ । ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਬਦਰ ਦੀ ਜੰਗ ਦੇ ਮੌਕੇ ਆਪ ਨੇ ਦੁਸ਼ਮਣਾ ਦਾ ਨਾਂ ਲੈ ਲੈਕੇ ਦੱਸਿਆ ਕਿ ਫ਼ਲਾਣਾ ਦੁਸ਼ਮਣ ਇੱਥੇ ਡਿੱਗੇਗਾ ਅਤੇ ਫ਼ਲਾਣਾ ਇੱਥੇ । ਆਪ ਆਪਣਾ ਹੱਥ ਧਰਤੀ ਉਪੱਰ ਰਖੱਦੇ ਅਤੇ ਫ਼ਰਮਾਉਂਦੇ ਇੱਥੇ ਇੱਥੇ । ਰਾਵੀ ਕਹਿੰਦੇ ਹਨ ਕਿ ਇਹਨਾਂ ਵਿੱਚੋਂ ਕੋਈ ਆਪਣੀ ਥਾਂ ਤੋਂ ਇਧੱਰ ਉਧੱਰ ਨ ਹੋਇਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਉਹਦ ਦੀ ਜੰਗ ਤੋਂ ਪਹਿਲਾਂ ਇਕ ਜੁਮਏ ਦੀ ਸ਼ਾਮ ਹਜ਼ਰਤ ਸਅਦ ਬਿਨ ਮਆਜ਼ ਹਜ਼ਰਤ ਉਸੈਦ ਬਿਨ ਹਜ਼ੀਰ ਅਤੇ ਹਜ਼ਰਤ ਸਅਦ ਬਿਨ ਅਬਾਦਹ ਮਸਜਿਦ ਨਬਵੀ ਵਿੱਚ ਹੱਥਿਆਰ ਪਾਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦਰਵਾਜ਼ੇ ਉਪੱਰ ਸਵੇਰ ਤੱਕ ਪਹਿਰਾ ਦਿੰਦੇ ਰਹੇ । ਉਹਦ ਦੀ ਜੰਗ ਲਈ ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਮਦੀਨੇ ਤੋਂ ਨਿਕਲਣ ਲੱਗੇ ਤਾਂ ਹਜ਼ਰਤ ਸਅਦ ਬਿਨ ਮਆਜ਼ ਅਤੇ ਹਜ਼ਰਤ ਸਅਦ ਬਿਨ ਅਬਾਦਹ ਆਪ ਦੇ ਅੱਗੇ ਅੱਗੇ ਦੌੜਨ ਲੱਗੇ । ਉਹਦ ਦੀ ਜੰਗ ਦੇ ਮੌਕੇ'ਤੇ ਜੋ ਸਹਾਬਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੋਲ ਪੱਕੇ ਪੈਰ੍ਹੀਂ ਖੜੇ ਰਹੇ ਉਹਨਾਂ ਵਿੱਚ ਹਜ਼ਰਤ ਸਅਦ ਬਿਨ ਅਬਾਦਹ ਵੀ ਸਨ । ਜੱਦ ਆਪ ਉਹਦ ਦੀ ਜੰਗ ਦੇ ਬਾਦ ਮਦੀਨਿ ਵਾਪਸ ਪਰਤੇ ਅਤੇ ਆਪਣੇ ਘੋੜੇ

ਤੋਂ ਉਤਰੇ ਤਾਂ ਆਪ ਹਜ਼ਰਤ ਸਅਦ ਬਿਨ ਮਆਜ਼ ਅਤੇ ਹਜ਼ਰਤ ਸਅਦ ਬਿਨ ਅਬਾਦਹ ਦਾ ਸਹਾਰਾ ਲੈਂਦੇ ਹੋਏ ਆਪਣੇ ਘਰ ਵਿੱਚ ਦਾਖ਼ਲ ਹੋਏ । ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਹਮਰਾਉਲ ਅਸਦ ਦੀ ਜੰਗ ਵਿੱਚ ਸਾਡਾ ਸਾਧਾਰਣ ਖਾਣਾ ਖਜੂਰਾਂ ਸਨ । ਇਸ ਮੌਕੇ'ਤੇ ਹਜ਼ਰਤ ਸਅਦ ਬਿਨ ਅਬਾਦਹ ਨੇ ਤੀਹ ਊਠ ਅਤੇ ਖਜੂਰਾਂ ਪੇਸ਼ ਕੀਤੀਆਂ ਜੋ ਹਮਹਰਾਉਲ ਅਸਦ ਅਸਥਾਨ ਤੱਕ ਸਾਡੇ ਲਈ ਬਹੁਤ ਸਨ ।

ਬਨੂ ਨਜ਼ੀਰ ਦੀ ਜੰਗ ਰਬੀਉਲ ਅਵੱਲ 4 ਹਿਜਰੀ ਵਿੱਚ ਹੋਈ ਸੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਯਹੂਦੀਆਂ ਦੇ ਕਬੀਲੇ ਬਨੂ ਨਜ਼ੀਰ ਦੇ ਕਿਲਿਆਂ ਦਾ 15 ਦਿਨ ਤੱਕ ਘਿਰਾਓ ਕੀਤਾ ਸੀ । ਇਸ ਮੌਕੇ'ਤੇ ਗ਼ਨੀਮਤ ਦਾ ਮਾਲ ਹਾਸਲ ਹੋਇਆ ਤਾਂ ਆਪ ਨੇ ਹਜ਼ਰਤ ਸਾਬਤ ਬਿਨ ਕੈਸ ਨੂੰ ਬੁਲਾਕੇ ਫ਼ਰਮਾਇਆ। ਮੇਰੇ ਕੋਲ ਆਪਣੀ ਕੌਮ ਬੁਲਾਓ । ਸੋ, ਉਹਨਾ ਨੇ ਓਸ ਅਤੇ ਖ਼ਜ਼ਰਜ ਨੂੰ ਆਪਦੇ ਕੋਲ ਬੁਲਾਇਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਰੱਬ ਦੀ ਸਿਫ਼ਤ ਸਲਾਹ ਵਰਨਣ ਕੀਤੀ । ਫਿਰ ਆਪ ਨੇ ਅੰਸਾਰ ਦੇ ਉਹਨਾ ਉਪਕਾਰਾਂ ਦਾ ਜ਼ਿਕਰ ਕੀਤਾ ਜੋ ਉਹਨਾਂ ਨੇ ਮੁਹਾਜਰਾਂ ਉਪੱਰ ਕੀਤੇ । ਫਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜੇਕਰ ਤੁਸੀਂ ਪਸੰਦ ਕਰੋ ਤਾਂ ਮੈਂ ਬਨੂ ਨਜ਼ੀਰ ਤੋਂ ਹਾਸਲ ਹੋਣ ਵਾਲੇ ਗ਼ਨੀਮਤ ਦੇ ਮਾਲ ਨੂੰ ਤੁਹਾਡੇ ਵਿੱਚ ਅਤੇ ਮੁਹਾਜਰਾਂ ਵਿੱਚ ਬਰਾਬਰ ਵੰਡ ਦਿਆਂ । ਇਸ ਅਵਸਥਾ ਵਿੱਚ ਮੁਹਾਜਰ ਪਹਿਲਾਂ ਵਾਂਗ ਤੁਹਾਡੇ ਘਰਾਂ ਤੇ ਮਾਲ ਵਿੱਚ ਰਹਿਣਗੇ ਅਤੇ ਜੇਕਰ ਤੁਸੀ ਪਸੰਦ ਕਰੋ ਤਾਂ ਇਹ ਮਾਲ ਮੈਂ ਮੁਹਾਜਰਾਂ ਵਿੱਚ ਵੰਡ ਦਿਆਂ ਜਿਸ ਦਾ ਸਿੱਟੇ ਵਿੱਚ ਉਹ ਤੁਹਾਡੇ ਘਰਾਂ'ਚੋਂ ਨਿਕਲ ਜਾਣਗੇ । ਇਸ'ਤੇ ਹਜ਼ਰਤ ਸਅਦ ਬਿਨ ਅਬਾਦਹ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਸਅਦ ਬਿਨ ਮਆਜ਼ ਦੋਹਾਂ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪ ਇਹ ਮਾਲ ਮੁਹਾਜਰਾਂ ਵਿੱਚ ਵੰਡ ਦੇਣ ਅਤੇ ਉਹ ਸਾਡੇ ਘਰਾਂ ਵਿੱਚ ਉਸੇ ਪ੍ਰਕਾਰ ਰਹਿਣਗੇ ਜਿਵੇਂ ਪਹਿਲਾਂ ਸਨ ਅਤੇ ਅੰਸਾਰ ਨੇ ਉੱਚੀ ਅਵਾਜ਼ ਨਾਲ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਅਸੀਂ ਰਾਜ਼ੀ ਹਾਂ ਅਤੇ ਸਾਡਾ ਸਿਰ ਝੁਕਿਆ ਹੋਇਆ ਹੈ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ ਅਲੱਾਹ, ਅੰਸਾਰ ਅਤੇ ਅੰਸਾਰ ਦੇ ਪੁਤੱਰਾਂ ਉਪੱਰ ਰਹਿਮ ਕਰ ।

ਹਜ਼ਰਤ ਸਅਦ ਦੀ ਮਾਤਾ ਹਜ਼ਰਤ ਹੁਮਰਾਹ ਬਿੰਤ ਮਸਊਦ ਦਾ ਦੇਹਾਂਤ ਉਸ ਸਮੇਂ ਹੋਇਆ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੋਮਾਤੁਲ ਜੰਦਲ ਦੀ ਜੰਗ ਲਈ ਚਲੇ ਗਏ ਸਨ । ਇਹ ਜੰਗ ਰਬੀਉਲ ਅਵੱਲ 5 ਹਿਜਰੀ ਵਿੱਚ ਹੋਈ ਸੀ । ਹਜ਼ਰਤ ਸਅਦ ਇਸ ਜੰਗ ਵਿੱਚ ਆਪਦੇ ਨਾਲ ਸਨ । ਸਅਦ ਨੇ ਆਂਹਜ਼ਰਤ ਸਲਲਾਹੁ ਅਲੈਹਿ ਵਸਲੱਮ ਤੋਂ ਬਿਨਤੀ ਕੀਤੀ ਕਿ ਮੇਰੀ ਮਾਂ ਦਾ ਦੇਹਾਂਤ ਹੋ ਗਿਆ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਆਪ ਉਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਉਣ । ਆਪਨੇ ਨਮਾਜ਼ ਜਨਾਜ਼ਾਹ ਪੜ੍ਹਾਈ । ਹਾਲਾਂਕਿ ਉਹਨਾ ਦੇ ਦੇਹਾਂਤ ਨੂੰ ਇਕ ਮਹੀਨਾ ਹੋ ਚੁਕਿਆ ਸੀ । ਹਜ਼ਰਤ ਸਈਦ ਬਿਨ ਮੁਸੈਬ ਤੋਂ ਰਿਵਾਇਤ ਹੈ ਕਿ ਹਜ਼ਰਤ ਸਅਦ ਬਿਨ ਅਬਾਦਹ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਅਰਜ਼ ਕੀਤੀ ਕਿ ਮੇਰੀ ਮਾਤਾ ਨੇ ਵਸੀਯੱਤ ਕੀਤੀ ਸੀ ਜੇਕਰ ਮੈਂ ਉਹਨਾ ਵੱਲੋਂ ਸਦਕਾ (ਦਾਨ) ਦਿਆਂ ਤਾਂ ਕੀ ਉਹ ਉਹਨਾਂ ਨੂੰ ਲਾਭ ਦਏਗਾ ਆਪ ਨੇ ਫ਼ਰਮਾਇਆ ਹਾਂ । ਉਹਨਾਂ ਨੇ ਅਰਜ਼ ਕੀਤੀ ਕਿ ਕਿਹੜਾ ਸਦਕਾ ਆਪ ਨੂੰ ਬਹੁਤਾ ਪਸੰਦ ਹੈ ਆਪ ਨੇ ਫ਼ਰਮਾਇਆ ਪਾਣੀ ਪਿਆਓ । ਇਸ'ਤੇ ਹਜ਼ਰਤ ਸਅਦ ਨੇ ਇਕ ਖੂਹ ਬਣਵਾਇਆ ਅਤੇ ਕਿਹਾ ਸਅਦ ਦੀ ਮਾਂ ਖ਼ਾਤਰ ਹੈ ।

ਅਲਾਮਹ ਅਬੂ ਤਯੱਬ ਸ਼ਮਸੁਲਹੱਕ ਅਜ਼ੀਮ ਆਬਾਦੀ ਨੇ ਅਬੂ ਦਾਊਦ ਦੀ ਸ਼ਰਾਹ ਵਿੱਚ ਲਿੱਖਿਆ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜੋ ਇਹ ਫ਼ਰਮਾਇਆ ਕਿ ਸਭ ਤੋਂ ਉਤੱਮ ਸਦਕਾ (ਦਾਨ) ਪਾਣੀ ਹੈ, ਇਸ ਦਾ ਸਬਬ ਇਹ ਸੀ ਕਿ ਇਹਨਾ ਦਿਨਾਂ ਵਿੱਚ ਪਾਣੀ ਬਹੁਮੁੱਲ ਸੀ । ਪਾਣੀ ਦਾ ਸਦਕਾ ਆਪਨੇ ਇਸ ਲਈ ਵੀ ਉਤੱਮ ਕਰਾਰ ਦਿਤੱਾ ਕਿਉਂਕਿ ਇਹ ਦੀਨੀ ਦੇ ਦੁਨੀਆਵੀ ਮਾਮਲਿਆਂ ਵਿੱਚ ਸਭ ਤੋਂ ਵੱਧ ਲਾਹੇਵੰਦ ਚੀਜ਼ ਹੈ ਵਿਸ਼ੇਸ਼ ਕਰਕੇ ਗਰਮ ਦੇਸ਼ਾਂ ਵਿੱਚ । ਮਦੀਨੇ ਵਿੱਚ ਤਿੱਖੀ ਗਰਮੀ ਵਿੱਚ ਪਾਣੀ ਦੀ ਜਰੂਰਤ ਅਤੇ ਪਾਣੀ ਦੀ ਕਮੀ ਕਰਕੇ ਇਸ ਨੂੰ ਬਹੁਤ ਕੀਮਤੀ ਸਮਝਿਆ ਜਾਂਦਾ ਸੀ ਅਤੇ ਪਾਣੀ ਨੂੰ ਅੱਜ ਵੀ ਕੀਮਤੀ ਸਮਝਿਆ ਜਾਂਦਾ ਹੈ । ਇਸ ਲਈ ਸਰਕਾਰਾਂ ਵੀ ਕਹਿੰਦੀਆਂ ਰਹਿੰਦੀਆਂ ਹਨ, ਖ਼ਿਆਲ ਵੀ ਰਖੱਣਾ ਚਾਹੀਦਾ ਹੈ । ਹਜ਼ਰਤ ਇਬਨੇ ਅਬੱਾਸ ਬਿਆਨ ਕਰਦੇ ਹਨ ਕਿ ਹਜ਼ਰਤ ਸਅਦ ਬਿਨ ਆਬਦਹ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਅਰਜ਼ ਕੀਤੀ ਕਿ ਕੀ ਮੇਰਾ ਆਪਣੀ ਮਾਂ ਵੱਲੋਂ ਕੁਝ ਸਦਕਾ ਦੇਣਾ ਉਹਨਾ ਨੂੰ ਲਾਭ ਦੇਵੇਗਾ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹਾਂ, ਤਾਂ ਉਹਨਾਂ ਨੇ ਅਰਜ਼ ਕੀਤੀ ਕਿ ਮੇਰਾ ਬਾਗ ਮਖ਼ਰਾਫ਼ ਉਹਨਾ ਵੱਲੋਂ ਸਦਕਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਅਜੇ ਓਹਨਾਂ ਦਾ ਜ਼ਿਕਰ ਚਲ ਰਿਹਾ ਹੈ ਇੰਸ਼ਾਅਲੱਾਹ ਭਵਿੱਖ ਵਿੱਚ ਬਿਅਨਾ ਕਰਾਂਗਾ ।

★★★★★

**Khulasa Khutba Jumma 27.12.2019**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131